**ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

**ਬਲਾਕ-ਈ., ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:, ਫੇਜ਼-8, ਐੱਸ.ਏ.ਐੱਸ.ਨਗਰ**

**ਫੋਨ ਨੰ. : 0172-2212221**

ਵੱਲ (ਵੈੱਬਸਾਇਟ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ)

ਸਮੂਹ ਸਕੂਲ ਮੁਖੀ (ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ)

ਪੰਜਾਬ।

ਮੀਮੋ ਨੰ.:- SCERT/PPP/PRJ/2022 51371 ਮਿਤੀ:- 04.03.2022

ਵਿਸ਼ਾ : ਰਾਜ ਦੀਆਂ ਵਿੱਦਿਅਕ ਸੰਸਥਾਵਾਂ ਅੰਦਰ ਸਥਾਪਤ ਕੀਤੇ ਗਏ ਭਾਸ਼ਾ ਮੰਚ ਦੀ ਕਾਰਜਸ਼ੈਲੀ ਬਾਰੇ।

ਹਵਾਲਾ:- ਮੀਮੋ ਨੰ. 6/1/22-2 ਸਿੱ.ਸੈਲ/446-448 ਮਿਤੀ 17.02.2022

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ ਵੱਲੋਂ ਜਾਰੀ ਹੋਏ ਹਵਾਲਾ ਅਧੀਨ ਪੱਤਰ ਤਹਿਤ ਸਮੂਹ ਪੰਜਾਬ ਰਾਜ ਦੀਆਂ ਵਿੱਦਿਅਕ ਸੰਸਥਾਵਾਂ ਅੰਦਰ ਭਾਸ਼ਾ ਮੰਚ ਸਥਾਪਿਤ ਕੀਤੇ ਜਾਣੇ ਹਨ।

3.0 ਸਮੂਹ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਭਾਸ਼ਾ ਮੰਚ ਸਥਾਪਿਤ ਕਰਕੇ ਯਕੀਨੀ ਬਣਾਏ ਜਾਣ। ਇਹਨਾਂ ਭਾਸ਼ਾ ਮੰਚਾਂ ਦੀ ਕਾਰਜਸ਼ੈਲੀ ਸੰਬੰਧੀ ਵਿਸਥਾਰ ਜਾਣਕਾਰੀ ਹਵਾਲਾ ਅਧੀਨ ਪੱਤਰ ਅਨੁਸਾਰ ਦਿੱਤੀ ਗਈ ਹੈ। ਸਮੂਹ ਸਕੂਲਾਂ ਦੀ ਸੁਵਿਧਾ ਲਈ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ, ਪੰਜਾਬ ਵੱਲੋਂ ਜਾਰੀ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ।

4.0 ਸਮੂਹ ਸਕੂਲਾਂ ਵਿੱਚ ਭਾਸ਼ਾ ਮੰਚ ਨੂੰ ਸਥਾਪਿਤ ਕਰਨਾ ਅਤੇ ਇਸ ਨਾਲ ਸੰਬੰਧਿਤ ਗਤੀਵਿਧੀਆਂ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ।

ਮਿਤੀ:-

ਪਿੱਠ ਅੰਕਣ ਨੰ.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡੀ.ਪੀ.ਆਈ. (ਸੈ.ਸਿੱ.), ਪੰਜਾਬ।
3. ਡੀ.ਪੀ.ਆਈ. (ਐ.ਸਿੱ.), ਪੰਜਾਬ।

ਡਾਇਰੈਕਟਰ ਐੱਸ.ਸੀ.ਈ.ਆਰ.ਟੀ., ਪੰਜਾਬ।

**ਪੰਜਾਬ ਸਰਕਾਰ**

**ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਵਿਭਾਗ** -40-

ਵੱਲ;

1. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡੀ.ਪੀ.ਆਈ. (ਕਾਲਜਾਂ)
3. ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ।

ਮੀਮੋ ਨੰ: 6।1।12-2(ਸੰ. ਸੈਲ)।446-448

ਮਿਤੀ: 17.02.2022

ਵਿਸ਼ਾ:- **ਰਾਜ ਦੀਆਂ ਵਿੱਦਿਅਕ ਸੰਸਥਾਵਾਂ ਅੰਦਰ ਸਥਾਪਤ ਕੀਤੇ ਗਏ ਭਾਸ਼ਾ ਮੰਚ ਦੀ ਕਾਰਜਸ਼ੈਲੀ ਬਾਰੇ।**

1.0 ਉਪਰੋਕਤ ਵਿਸ਼ੇ 'ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਰਾਜ ਦੀਆਂ ਵਿੱਦਿਅਕ ਸੰਸਥਾਵਾਂ ਅੰਦਰ ਭਾਸ਼ਾ ਮੰਚ ਸਥਾਪਤ ਕੀਤੇ ਗਏ ਹਨ। ਇਹ ਭਾਸ਼ਾ ਮੰਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਭਾਸ਼ਾ ਵਿਭਾਗ ਪੰਜਾਬ ਨਾਲ ਮਿਲ ਕੇ ਕੰਮ ਕਰਨਗੇ। ਇਨ੍ਹਾਂ ਭਾਸ਼ਾ ਮੰਚਾਂ ਦੀ ਵਿੱਦਿਅਕ ਸੰਸਥਾਵਾਂ ਅੰਦਰ ਕਾਰਜਸ਼ੈਲੀ ਇਸ ਤਰ੍ਹਾਂ ਹੋਵੇਗੀ:-

ੳ) ਰਾਜ-ਭਾਸ਼ਾ ਐਕਟ ਬਾਰੇ ਜਾਣਕਾਰੀ ਹਾਸਲ ਕਰਨਾ ਅਤੇ ਸੰਸਥਾ ਵਿੱਚ ਇਸ ਬਾਰੇ ਅਧਿਆਪਕਾਂ/ਵਿਦਿਆਰਥੀਆਂ ਨੂੰ ਜਾਗਰੂਕ ਕਰਨਾ।

ਅ) ਭਾਸ਼ਾ ਵਿਭਾਗ ਦੁਆਰਾ ਕਰਵਾਏ ਜਾਂਦੇ ਸਾਹਿਤ ਸਿਰਜਣ ਮੁਕਾਬਲਿਆਂ ਦੀ ਤਿਆਰੀ ਉਪਰੰਤ ਸਕੂਲ ਪੱਧਰ, ਜ਼ਿਲ੍ਹਾ ਪੱਧਰ ਅਤੇ ਰਾਜ-ਪੱਧਰੀ ਸਮਾਗਮ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਕਰਵਾਉਣਾ।

ੲ) ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਲੋਕਧਾਰਾ ਨਾਲ ਵਿਦਿਆਰਥੀਆਂ ਨੂੰ ਜੋੜਨ ਲਈ ਕਾਰਜ ਕਰਨਾ।

ਸ) ਨਵੰਬਰ ਮਹੀਨਾ ਪੰਜਾਬੀ ਮਾਹ ਵਜੋਂ ਮਨਾਇਆ ਜਾਵੇਗਾ। ਇਸ ਮਹੀਨੇ ਦੌਰਾਨ ਭਾਸ਼ਾ ਮੰਚ ਆਪਣੀ ਸੁਵਿਧਾ ਅਨੁਸਾਰ ਕਿਸੇ ਇੱਕ ਜਾਂ ਦੋ ਦਿਨ ਸੱਭਿਆਚਾਰਕ ਪ੍ਰਦਰਸ਼ਨੀ ਮੇਲਾ ਲਗਾਵੇਗਾ।

ਹ) ਵਿਦਿਆਰਥੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਲਈ 'ਪੁਸਤਕ ਲੰਗਰ' ਵਿੱਚ ਭਾਸ਼ਾ ਮੰਚਾਂ ਦੀ ਸ਼ਮੂਲੀਅਤ ਅਤੇ ਵਿਦਿਆਰਥੀਆਂ ਦੁਆਰਾ ਪੜ੍ਹੀਆਂ ਹੋਈਆਂ ਕਿਤਾਬਾਂ ਬਾਰੇ ਉਨ੍ਹਾਂ ਨੂੰ ਆਪਣੇ ਵਿਚਾਰ ਲਿਖਣ ਲਈ ਪ੍ਰੇਰਿਤ ਕਰਨਾ।

ਕ) 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ ਮਨਾਉਂਦਿਆਂ ਇਸ ਦਿਨ ਮਾਂ-ਬੋਲੀ ਲਈ ਅਹਿਦ ਲੈਣਾ।

ਖ) ਵੱਖ-ਵੱਖ ਕਾਲਜਾਂ ਦੇ ਭਾਸ਼ਾ ਮੰਚ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਸਹਿਯੋਗ ਨਾਲ ਕਿਸੇ ਸਾਹਿਤਕਾਰ ਕਲਾਕਾਰ ਦੇ ਰੂ-ਬ-ਰੂ ਸਮਾਗਮ ਕਰਵਾਉਣਗੇ। ਸਕੂਲਾਂ ਦੇ ਭਾਸ਼ਾ ਮੰਚ ਇਹ ਗਤੀਵਿਧੀ ਆਪਣੀ ਸਵੈ-ਇੱਛਾ ਅਨੁਸਾਰ ਕਰ ਸਕਦੇ ਹਨ।

ਗ) ਚੰਗੀ ਕਾਰਗੁਜ਼ਾਰੀ ਵਾਲੇ ਭਾਸ਼ਾ ਮੰਚਾਂ ਦੀਆਂ ਗਤੀਵਿਧੀਆਂ ਅਤੇ ਅਧਿਆਪਕਾਂ/ ਵਿਦਿਆਰਥੀਆਂ ਦੀਆਂ ਚੰਗੀਆਂ ਰਚਨਾਵਾਂ ਨੂੰ ਭਾਸ਼ਾ ਵਿਭਾਗ ਵੱਲੋਂ ਆਪਣੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਕਰਕੇ ਵਿਦਿਆਰਥੀਆਂ/ਅਧਿਆਪਕਾਂ ਦੀ ਹੌਸਲਾ ਅਫ਼ਜ਼ਾਈ ਕਰਨਾ।

ਘ) ਹਰੇਕ ਸੰਸਥਾ ਵਿੱਚ ਭਾਸ਼ਾ ਮੰਚ ਦਾ ਇੱਕ ਸੂਚਨਾ-ਬੋਰਡ/ਕਾਰਨਰ/ਕਮਰਾ ਹੋਵੇਗਾ ਜਿਸ 'ਤੇ ਮੰਚ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ ਜਾ ਸਕਣ ਤਾਂ ਜੋ ਸੰਸਥਾਵਾਂ ਅੰਦਰ ਮੰਚ ਦੀ ਇੱਕ ਵਿਲੱਖਣ ਤੇ ਨਿਵੇਕਲੀ ਹੋਂਦ ਬਣ ਸਕੇ।

ਝ) ਮੁਕਾਬਲਿਆਂ ਅਤੇ ਗਤੀਵਿਧੀਆਂ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲੇ ਭਾਸ਼ਾ-ਮੰਚਾਂ ਦੇ ਸਰਪ੍ਰਸਤਾਂ/ਅਹੁਦੇਦਾਰਾਂ ਨੂੰ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਭਾਸ਼ਾ ਵਿਭਾਗ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

3.0 ਸਮੂਹ ਜ਼ਿਲ੍ਹਾ ਭਾਸ਼ਾ ਤੇ ਖੋਜ ਅਫ਼ਸਰ ਸਾਹਿਬਾਨ ਉਪਰੋਕਤ ਅਨੁਸਾਰ ਆਪਣੇ-ਆਪਣੇ ਜ਼ਿਲ੍ਹੇ ਦੀਆਂ ਵਿੱਦਿਅਕ ਸੰਸਥਾਵਾਂ ਅੰਦਰ ਭਾਸ਼ਾ ਮੰਚਾਂ ਲਈ ਕੰਮ ਕਰਨਾ ਯਕੀਨੀ ਬਣਾਉਣਗੇ।

ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ

ਪਿੱਠ ਅੰਕਣ ਨੰ: 6/1/72-1ਉੱ ਸਿੱ/451-452 ਮਿਤੀ 17/03/2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਤਕ ਸਕੂਲ ਸਿੱਖਿਆ।
2. ਡੀ.ਪੀ.ਆਈ. (ਸੈ.ਸਿ.)
3. ਡਾਇਰੈਕਟਰ, ਐੱਸ.ਸੀ.ਈ.ਆਰ.ਟੀ.
4. ਸਮੂਹ ਜ਼ਿਲ੍ਹਾ ਭਾਸ਼ਾ ਅਫ਼ਸਰ ਅਤੇ ਖੋਜ ਅਫ਼ਸਰ।

ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ